# 2nd India-Zimbabwe Foreign Office Consultations

September 29, 2022

.......................................................................................................................................................

## ਭਾਰਤ ਅਤੇ ਜ਼ਿੰਬਾਬਵੇ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਦੂਜਾ ਸਲਾਹ-ਮਸ਼ਵਰਾ

## 29 ਸਤੰਬਰ, 2022

1. ਭਾਰਤ ਅਤੇ ਜ਼ਿੰਬਾਬਵੇ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਦੂਜਾ ਸਲਾਹ-ਮਸ਼ਵਰਾ (FOC) 29 ਸਤੰਬਰ, 2022 ਨੂੰ ਨਵੀਂ ਦਿੱਲੀ ਵਿੱਚ ਹੋਇਆ। ਭਾਰਤੀ ਪੱਖ ਦੀ ਅਗਵਾਈ ਸੰਯੁਕਤ ਸਕੱਤਰ (ਪੂਰਬ ਅਤੇ ਦੱਖਣ ਅਫਰੀਕਾ) ਸ਼੍ਰੀ ਪੁਨੀਤ ਆਰ. ਕੁੰਡਲ ਨੇ ਕੀਤੀ ਅਤੇ ਜ਼ਿੰਬਾਬਵੇ ਦੇ ਪੱਖ ਦੀ ਅਗਵਾਈ ਜ਼ਿੰਬਾਬਵੇ ਦੇ ਵਿਦੇਸ਼ੀ ਮਾਮਲਿਆਂ ਅਤੇ ਅੰਤਰਰਾਸ਼ਟਰੀ ਵਪਾਰ ਮੰਤਰਾਲੇ ਵਿੱਚ ਆਰਥਿਕ ਸਹਿਯੋਗ, ਅੰਤਰਰਾਸ਼ਟਰੀ ਵਪਾਰ ਅਤੇ ਡਾਇਸਪੋਰਾ ਦੀ ਮੁੱਖ ਨਿਰਦੇਸ਼ਕ ਸ਼੍ਰੀਮਤੀ ਆਰ.ਐਮ. ਫਰਾਨੀਸੀ ਨੇ ਕੀਤੀ।

2. ਵਿਚਾਰ-ਵਟਾਂਦਰੇ ਦੌਰਾਨ ਦੋਵਾਂ ਪੱਖਾਂ ਨੇ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕੀਤੀ ਅਤੇ ਆਪਸੀ ਲਾਭ ਲਈ ਇਨ੍ਹਾਂ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਦੀ ਇੱਛਾ ਪ੍ਰਗਟਾਈ। ਦੋਵਾਂ ਪੱਖਾਂ ਨੇ ਸਾਂਝੇਦਾਰੀ ਦੀ ਪੂਰੀ ਸੰਭਾਵਨਾਵਾਂ ਦੀ ਪ੍ਰਾਪਤੀ ਲਈ ਦੁਵੱਲੇ ਸਿਆਸੀ ਵਟਾਂਦਰੇ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਵਫ਼ਦਾਂ ਨੇ ਵਪਾਰ ਅਤੇ ਨਿਵੇਸ਼, ਵਿਕਾਸ ਭਾਈਵਾਲੀ, ਰੱਖਿਆ, ਕੌਂਸਲਰ ਮੁੱਦਿਆਂ, ਖੇਤੀਬਾੜੀ, ਸਿਹਤ ਅਤੇ ਰੇਲਵੇ ਸਮੇਤ ਕਈ ਖੇਤਰਾਂ ਵਿੱਚ ਸਹਿਯੋਗ ਵਧਾਉਣ ਬਾਰੇ ਵੀ ਚਰਚਾ ਕੀਤੀ।

3. ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ - ਵਟਾਂਦਰਾ ਕੀਤਾ ਗਿਆ।

4. ਦੋਵਾਂ ਪੱਖਾਂ ਨੇ ਆਪਣੀ ਸਾਂਝੇਦਾਰੀ ਨੂੰ ਜੀਵੰਤ ਅਤੇ ਆਪਸੀ ਲਾਭਕਾਰੀ ਬਨਾਏ ਰੱਖਣ ਲਈ ਉੱਚ ਪੱਧਰੀ ਸਿਆਸੀ ਵਟਾਂਦਰੇ ਅਤੇ ਸਾਂਝੇ ਸੰਸਥਾਗਤ ਵਿਧੀਆਂ ਦੀਆਂ ਬਾਕਾਇਦਾ ਬੈਠਕਾਂ ਜਾਰੀ ਰੱਖਣ ਉੱਤੇ ਵੀ ਸਹਿਮਤੀ ਪ੍ਰਗਟਾਈ।

5. ਗੱਲਬਾਤ ਦੋਸਤਾਨਾ ਅਤੇ ਸਦਭਾਵਨਾ ਭਰੇ ਮਾਹੌਲ ਵਿੱਚ ਹੋਈ। ਦੋਵੇਂ ਪੱਖ ਹਰਾਰੇ ਵਿੱਚ ਆਪਸੀ ਸਹੂਲਤ ਦੇ ਸਮੇਂ 'ਤੇ ਸਲਾਹ-ਮਸ਼ਵਰੇ ਦੇ ਅਗਲੇ ਦੌਰ ਕਰਨ ਉੱਤੇ ਸਹਿਮਤ ਹੋਏ ।

ਨਵੀਂ ਦਿੱਲੀ

29 ਸਤੰਬਰ, 2022

DISCLAIMER: This is an approximate translation. The original is available in English on MEA's website and may be referred to as the official press release.